ਅੱਜ ਦੀ ਆਵਾਜ਼

ਪੰਜਾਬ ਦੀ ਉਮੀਦ

ਸ਼ੁੱਕਰਵਾਰ
22, ਜਨਵਰੀ 2010
10 ਮਾਘ , ਨਾਨਕਸ਼ਾਹੀ 541
ਜਲੰਧਰ
ਅੰਕ ਨੰ. 283, ਸਾਲ 25
Postal Regd. No.
PB/0007/09-2011

ਕੀਮਤ 2 ਰੁਪਏ

www.ajdiawaaz.com info@ajdiawaaz.com

ਭਾਰਤ ਨੇ ਬੰਗਲਾਦੇਸ਼ ਨੂੰ 113 ਦੌੜਾਂ ਨਾਲ ਹਰਾਇਆ

ਸਚਿਨ ਬਣੇ ਮੈਨ ਆਫ ਦਾ ਮੈਚ

ਚਟਗਾਉਂ, 21 ਜਨਵਰੀ (ਵਿਸ਼ਵ ਵਾਰਤਾ)-ਟੀਮ ਇੰਡੀਆ ਨੇ ਸਾਲ 2010 ਵਿਚ ਟੈਸਟ ਕ੍ਰਿਕਟ ਦੀ ਸ਼ੁਰੂਆਤ ਜਿੱਤ ਨਾਲ ਕਰਦਿਆਂ ਬੰਗਲਾਦੇਸ਼ ਨੂੰ 113 ਦੌੜਾਂ ਨਾਲ ਹਰਾ ਦਿੱਤਾ। ਭਾਰਤ ਵੱਲੋਂ ਜਿੱਤ ਲਈ ਰੱਖੀਆਂ ਗਈਆਂ 415 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਬੰਗਲਾਦੇਸ਼ ਦੀ ਪੂਰੀ ਟੀਮ ਅੱਜ 301 ਦੌੜਾਂ 'ਤੇ ਆਲ ਆਊਟ ਹੋ ਗਈ। ਬੰਗਲਾਦੇਸ਼ ਵੱਲੋਂ ਮੁਸ਼ਫਿਕੁਰ ਰਹੀਮ ਨੇ 101 ਦੌੜਾਂ ਬਣਾ ਕੇ ਕੈਰੀਅਰ ਦਾ ਪਹਿਲਾ ਟੈਸਟ ਸੈਂਕੜਾ ਜੜਿਆ। ਜਦੋਂ ਕਿ ਤਮੀਮ ਇਕਬਾਲ ਨੇ 52 ਦੌੜਾਂ ਦਾ ਯੋਗਦਾਨ ਦਿੱਤਾ। ਇਸ ਤੋਂ ਇਲਾਵਾ ਹੋਰ ਕੋਈ ਵੀ ਬੰਗਲਾਦੇਸ਼ ਦਾ ਬੱਲੇਬਾਜ਼ ਭਾਰਤੀ ਗੇਂਦਬਾਜ਼ਾਂ ਅੱਗੇ ਨਾ ਟਿਕ ਸਕਿਆ। ਭਾਰਤ ਵੱਲੋਂ ਅਮਿਤ ਮਿਸ਼ਰਾ ਨੇ 4 ਤੇ ਈਸ਼ਾਂਤ ਸ਼ਰਮਾ ਨੇ 3 ਖਿਡਾਰੀਆਂ ਨੂੰ ਆਊਟ ਕੀਤਾ। ਜ਼ਹੀਰ ਖਾਨ ਨੂੰ 2 ਤੇ ਸਹਿਵਾਗ ਨੂੰ 1 ਵਿਕਟ ਮਿਲੀ। ਪਹਿਲੀ ਪਾਰੀ ਵਿਚ 105 ਦੌੜਾਂ ਦੀ ਅਜੇਤੂ ਪਾਰੀ ਖੇਡਣ ਵਾਲੇ ਸਚਿਨ ਤੇਂਦੁਲਕਰ ਨੂੰ ਮੈਨ ਆਫ ਦਾ ਮੈਚ ਐਲਾਨਿਆ ਗਿਆ। ਭਾਰਤੀ ਟੀਮ ਨੇ ਆਪਣੀ ਪਹਿਲੀ ਪਾਰੀ ਵਿਚ 243 ਦੌੜਾਂ ਬਣਾਈਆਂ ☛(ਬਾਕੀ ਸਫਾ 2 'ਤੇ)

ਗਣਤੰਤਰ ਦਿਵਸ ਸਮਾਗਮਾਂ ਦੀ ਤਿਆਰੀ ਜ਼ੋਰਾਂ 'ਤੇ

ਪੰਜਾਬ ਵਿੱਚ ਰੈੱਡ ਅਲਰਟ

ਚੰਡੀਗੜ੍ਹ, 21 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਪੁਲਿਸ ਦੇ ਗਣਤੰਤਰ ਦਿਵਸ ਦੇ ਸੰਬੰਧ ਵਿੱਚ ਸੁਰੱਖਿਆ ਦੇ ਮੱਦੇਨਜ਼ਰ ਸਾਰੇ ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਰੈੱਡ ਅਲਰਟ ਜਾਰੀ ਕਰ ਦਿੱਤੀ ਹੈ। ਸਾਰੇ ਜ਼ਿਲ੍ਹਾ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਾਵਧਾਨੀ ਅਤੇ ਸਤਰਕਤਾ ਵਰਤਣ ਲਈ ਕਿਹਾ ਹੈ। ਜਦੋਂ ਕਿ ਪੰਜਾਬ ਅਤੇ ਕੇਂਦਰੀ ਖੁਫੀਆ ਏਜੰਸੀਆਂ ਪਹਿਲਾਂ ਹੀ 26 ਜਨਵਰੀ ਗਣਤੰਤਰ ਦਿਵਸ ਦੇ ਮੌਕੇ ਉਤੇ ਬੰਬਈ ਵਰਗੇ ਹਮਲਿਆਂ ਦੇ ਹੋਣ ਦਾ ਖਦਸ਼ਾ ਪ੍ਰਗਟ ਕਰ ਚੁੱਕੀਆਂ ਹਨ। ਪੰਜਾਬ ਪੁਲਿਸ ਹੈੱਡ ਕੁਆਰਟਰ ਸੈਕਟਰ-9 ਤੋਂ ਸਾਰੇ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨੂੰ ਕੁਝ ਸਖਤ ਹਦਾਇਤਾਂ ਜਾਰੀ ਕੀਤੀਆਂ ਹਨ, ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਹਰ ਥਾਂ ਸਪੈਸ਼ਲ ਨਾਕੇ ਲਗਾ ਕੇ ਆਉਣ ਜਾਣ ਵਾਲੀਆਂ ਵਾਹਨਾਂ ਨੂੰ ਬਕਾਇਦਾ ਤਲਾਸ਼ੀ ਲੈ ਕੇ ਚੈੱਕ ਕੀਤਾ ਜਾਵੇ। ਹੋਟਲਾਂ ਦੀ ਚੈਕਿੰਗ, ਰੇਲਵੇ ਸਟੇਸ਼ਨ, ਬੱਸ ਸਟੈਂਡਾਂ 'ਤੇ ਆਉਣ ਜਾਣ ਵਾਲੇ ਸ਼ੱਕੀ ਵਿਅਕਤੀਆਂ ਦੇ ਨਿਗਾਹ ਰੱਖਣਾ ਹੈ। ਉਸ ਪੰਜਾਬ ਪੁਲਿਸ ਨਾਭੇ ਵਿਖੇ ਇੱਕ ਫੈਕਟਰੀ ਦੇ ਪਾਸ ਬੰਬ ਮਿਲਣ ਦੀ ਘਟਨਾ ਨੂੰ ਲੈ ਕੇ ਕਾਫੀ ਚਿੰਤਤ ਹਨ ਅਤੇ ਹੈਰਾਨ ਵੀ ਹਨ। ਕਿਉਂਕਿ ਬੰਬ ਦੀ ਘਟਨਾ ਕਾਰਨ ਪੁਲਿਸ ਕਾਫੀ ਸ਼ਸ਼ੋਪੰਜ ਵਿੱਚ ਪਈ ਹੋਈ ਹੈ। ਬੰਬ ਦੀ ਘਟਨਾ ਨੂੰ 26 ਜਨਵਰੀ ਗਣਤੰਤਰ ਦਿਵਸ ਦੇ ਮੌਕੇ ਤੇ ਹੋਰ ਘਟਨਾਵਾਂ ਹੋਣ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ। ਕਿਉਂਕਿ ਪਟਿਆਲਾ ਪੁਲਿਸ ਇਸ ਬੰਬ ਦੀ ਘਟਨਾ ਦਾ ਅਜੇ ਤੱਕ ਕੋਈ ਸੁਰਾਗ ਨਹੀਂ ਲਗਾ ਸਕੀ ਹੈ। ਪੁਲਿਸ ਅਧਿਕਾਰੀ ਸਿਰਫ ਇਸ ਘਟਨਾ ਬਾਰੇ ਇਹ ਹੀ ਦਸ ਰਹੇ ਹਨ ਕਿ ਜਾਂਚ ਵਿੱਚ ਪੁਰਾਤਨ ਹੋ ਰਹੀ ਹੈ। ☛(ਬਾਕੀ ਸਫਾ 2 'ਤੇ)

ਰਾਜ ਪੱਧਰੀ ਸਮਾਗਮ ਫਤਿਹਗੜ੍ਹ ਸਾਹਿਬ ਵਿਖੇ

-ਪੰਜਾਬ ਵਿੱਚ ਗਣਤੰਤਰ ਦਿਵਸ ਦਾ ਰਾਜ-ਪੱਧਰੀ ਸਮਾਰੋਹ ਫਤਿਹਗੜ੍ਹ ਸਾਹਿਬ ਵਿਖੇ ਹੋਵੇਗਾ, ਜਿਥੇ ਪੰਜਾਬ ਦੇ ਰਾਜਪਾਲ ਰਾਸ਼ਟਰੀ ਝੰਡਾ ਲਹਿਰਾਉਣਗੇ ਅਤੇ ਮਾਰਚ ਦੀ ਸਲਾਮੀ ਲੈਣਗੇ। ਪੰਜਾਬ ਦੇ ਮੁੱਖ ਮੰਤਰੀ ਸ੍ਰ: ਪਰਕਾਸ਼ ਸਿੰਘ ਬਾਦਲ 26 ਜਨਵਰੀ, 2010 ਨੂੰ ਲੁਧਿਆਣਾ ਵਿਖੇ ਰਾਸ਼ਟਰੀ ਝੰਡਾ ਲਹਿਰਾਉਣਗੇ ਜਦਕਿ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਅੰਮ੍ਰਿਤਸਰ ਵਿਖੇ ਝੰਡਾ ਲਹਿਰਾਉਣਗੇ ਅਤੇ ਮਾਰਚ ਪਾਸੋਂ ਸਲਾਮੀ ਲੈਣਗੇ। ਉਪਰੋਕਤ ਪ੍ਰਗਟਾਵਾ ਕਰਦਿਆਂ ਪੰਜਾਬ ਸਰਕਾਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ: ਨਿਰਮਲ ਸਿੰਘ ਕਾਹਲੋਂ ਵਲੋਂ ☛(ਬਾਕੀ ਸਫਾ 2 'ਤੇ)

ਅੱਜ ਦੀ ਕੈਬਨਿਟ ਮੀਟਿੰਗ ਹੋਵੇਗੀ ਹੰਗਾਮੇ ਭਰਪੂਰ

ਚੰਡੀਗੜ੍ਹ, 21 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਆਰਥਿਕ ਸਾਧਨ ਜੁਟਾਉਣ ਲਈ ਦੋ ਮੈਂਬਰੀ ਕਮੇਟੀ ਵੱਲੋਂ ਮੁੱਖ ਮੰਤਰੀ ਨੂੰ ਸੌਂਪੀ ਰਿਪੋਰਟ ਨੂੰ ਲੈ ਕੇ ਰਾਜਸੀ ਅਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਤਿੱਖੀ ਪ੍ਰਕਿਰਿਆ ਪ੍ਰਗਟ ਕੀਤੀ ਜਾ ਰਹੀ ਹੈ। ਭਾਵੇਂ ਇਸ ਰਿਪੋਰਟ 'ਤੇ ਭਲਕੇ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਅੰਤਿਮ ਫੈਸਲਾ ਲਿਆ ਜਾਣਾ ਹੈ, ਪ੍ਰੰਤੂ ਸਰਕਾਰ ਨੇ ਪਹਿਲਾਂ ਹੀ ਰਿਪੋਰਟ ਲੀਕ ਕਰਕੇ ਇੱਕ ਨਵੀਂ ਬਹਿਸ ਪੈਦਾ ਕਰ ਦਿੱਤੀ ਹੈ। ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਇਸ ਰਿਪੋਰਟ ਨੂੰ ਲੈ ਕੇ ਅੰਦੋਲਨ ਸ਼ੁਰੂ ਕਰਨ ਦੀ ਚੇਤਾਵਨੀ ਸਰਕਾਰ ਨੂੰ ਦੇ ਦਿੱਤੀ ਹੈ। ਉਥੇ ਹੀ ਵੱਖ-ਵੱਖ ਮੁਲਾਜ਼ਮ ਜਥੇਬੰਦੀਆਂ ਵੱਲੋਂ ਰਿਟਾਇਰਮੈਂਟ ਦੀ ਉਮਰ ਵਿੱਚ ਕੀਤੇ ਜਾਣ ਵਾਲੇ ਦੋ ਸਾਲ ਦੇ ਵਾਧੇ ਨੂੰ ਗਲਤ ਕਰਾਰ ਦਿੰਦੇ ਹੋਏ ਸੰਘਰਸ਼ ਸ਼ੁਰੂ ਕਰਨ ਦੀ ਚੇਤਾਵਨੀ ਦਿੱਤੀ ਹੈ। ਜਨਤਾ 'ਤੇ ਪੈਣ ਵਾਲਾ ਚਾਰ ਹਜ਼ਾਰ ਕਰੋੜ ਦੇ ਬੋਝ ਨੂੰ ਲੈ ਕੇ ਸਿਆਸੀ ਪਾਰਟੀਆਂ ਵੱਲੋਂ ਰਾਜਨੀਤੀ ਸ਼ੁਰੂ ਕਰ ਦਿੱਤੀ ਗਈ ਹੈ। ਇਸ ਰਿਪੋਰਟ ਨੂੰ ਲਾਗੂ ਕੀਤੇ ਜਾਣ ਦੇ ਮਾਮਲੇ ਦਾ ਅਕਾਲੀ ਦਲ ਤੇ ਭਾਜਪਾ ਦੇ ਕੁਝ ਨੇਤਾ ਵੀ ਹੱਕ ਵਿੱਚ ਨਹੀਂ ਹਨ। ਦੋ ਸਾਲ ਬਾਅਦ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਉਹ ਇਸ ਕਦਮ ਨੂੰ ਗਲਤ ਸਮੇਂ 'ਤੇ ਉਠਾਇਆ ਜਾਣ ਵਾਲਾ ਦੱਸਦੇ ਹਨ। ਆਉਣ ਵਾਲੇ ਦਿਨਾਂ ਵਿੱਚ ਇਸ ਰਿਪੋਰਟ ਨੂੰ ਲੈ ਕੇ ਹੋਰ ਸਿਆਸੀ ਬਿਆਨਬਾਜ਼ੀਆਂ ਸ਼ੁਰੂ ਹੋਣ ਦੀ ਸੰਭਾਵਨਾ ਹੈ। ਕਈ ਸਰਕਾਰੀ ਤੇ ਗੈਰ ਸਰਕਾਰੀ ਜਥੇਬੰਦੀਆਂ ਸੰਘਰਸ਼ ਦੀ ਰੂਪਰੇਖਾ ਤਿਆਰ ਕਰ ਰਹੀਆਂ ਹਨ। ਇਸ ਰਿਪੋਰਟ ਦਾ ਕਿੰਨਾ ਕੁ ਹਿੱਸਾ ਲਾਗੂ ਕੀਤਾ ਜਾਣਾ ਹੈ, ਇਹ ਜਵਾਬ ਭਵਿੱਖ ਦੇ ਗਰਭ ਵਿੱਚ ਹੈ। ਮੁੱਖ ਮੰਤਰੀ ਵੱਲੋਂ ਇਸ ਸ਼ੁਰੂਆਤ ਦਾ ਸਵਾਗਤ ਕੀਤਾ ਗਿਆ।

ਅੱਜ 12 ਵਜੇ ਪੰਜਾਬ ਭਵਨ 'ਚ ਪਾਟਿਲ ਚੁੱਕਣਗੇ ਰਾਜਪਾਲ ਵਜੋਂ ਸਹੁੰ

ਚੰਡੀਗੜ੍ਹ, 21 ਜਨਵਰੀ (ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਦੇ ਨਵ-ਨਿਯੁਕਤ ਰਾਜਪਾਲ ਤੇ ਸਾਬਕਾ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਸ਼ਿਵਰਾਜ ਪਾਟਿਲ ਅੱਜ ਦੇਰ ਸ਼ਾਮ ਚੰਡੀਗੜ੍ਹ ਪਹੁੰਚ ਗਏ ਹਨ। ਭਲਕੇ 22 ਜਨਵਰੀ ਨੂੰ ਉਨ੍ਹਾਂ ਦੇ ਅਹੁਦਾ ਸੰਭਾਲਣ ਦੀ ਸੰਭਾਵਨਾ ਹੈ। ਆਪਣੇ ਪਰਿਵਾਰ ਨਾਲ ਵਿਸ਼ੇਸ਼ ਤੌਰ 'ਤੇ ਪਹੁੰਚ ਪਾਟਿਲ ਪੰਜਾਬ ਭਵਨ ਵਿਖੇ ਰੁਕੇ ਹੋਏ ਹਨ। ਕਾਂਗਰਸ ਵੱਲੋਂ ਭਲਕੇ ਦੇ ਸਹੁੰ ਚੁੱਕ ਸਮਾਗਮ ਲਈ ਆਏ ਲੋਕਾਂ ਦੇ 150 ਦੇ ਕਰੀਬ ਮਹਿਮਾਨਾਂ ਦੇ ਠਹਿਰਣ ਦਾ ਪ੍ਰਬੰਧ ਵੱਖ-ਵੱਖ ਥਾਵਾਂ 'ਤੇ ਕੀਤਾ ਗਿਆ ਹੈ। ਅੱਜ ਸ਼ਾਮ ਕਈ ਕਾਂਗਰਸੀ ਆਗੂ ਤੇ ਪ੍ਰਸ਼ਾਸਨਿਕ ਅਧਿਕਾਰੀ ਸ੍ਰੀ ਪਾਟਿਲ ਨੂੰ ਜੀ ਆਇਆਂ ਕਹਿਣ ਲਈ ਉਨ੍ਹਾਂ ਨੂੰ ਮਿਲਣ ਗਏ। ਉਨ੍ਹਾਂ ਦੇ ਸਹੁੰ ਚੁੱਕ ਸਮਾਗਮ ਵਿੱਚ ਕੇਂਦਰ ਤੋਂ ਕਈ ਸੀਨੀਅਰ ਕਾਂਗਰਸੀ ☛(ਬਾਕੀ ਸਫਾ 2 'ਤੇ)

ਦਲਿਤਾਂ ਦੇ ਸ਼ੋਸ਼ਣ ਨੂੰ ਵੰਗਾਰਦਾ 5 ਦਿਨਾਂ ਸਮਾਗਮ ਜੈਪੁਰ 'ਚ ਆਰੰਭ

ਪੰਜਾਬ ਤੋਂ ਦੇਸ ਰਾਜ ਕਾਲੀ ਪੁੱਜੇ

ਜਲੰਧਰ, 21 ਜਨਵਰੀ (ਬਿੰਦਰ ਬਸਰਾ)-21 ਜਨਵਰੀ ਤੋਂ 25 ਜਨਵਰੀ ਤੱਕ ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿਖੇ ਆਰੰਭ ਹੋਏ ਜੈਪੁਰ ਸਾਹਿਤ ਉਤਸਵ ਵਿੱਚ ਪੰਜਾਬ ਤੋਂ ਦਲਿਤ ਵਰਗ ਨੂੰ ਆਧਾਰ ਬਣਾ ਕੇ ਰਚੇ ਗਏ ਸਾਹਿਤ ਦੀ ਵੀ ਅਹਿਮ ਭੂਮਿਕਾ ਰਹੇਗੀ। ਇੱਕ ਮਿਲੀਅਨ ਸੂਰਜ (ਏ ਮਿਲੀਅਨ ਸੰਨਜ਼) ਸੈਸ਼ਨ ਦੀ ਸ਼ੁਰੂਆਤ ਮਰਹੂਮ ਕਵੀ ਲਾਲ ਸਿੰਘ ਗਿੱਲ ਦੀ ਕਵਿਤਾ ਨਾਲ ਹੋਇਆ। ਦਲਿਤ ਸਾਹਿਤ ਦੀਆਂ ਪੰਜਾਬ ਦੀਆਂ ਰਵਾਇਤਾਂ ਨੂੰ ਰੂਪਮਾਨ ਕਰਦਾ ਹੋਇਆ ਇਸ ਸੈਸ਼ਨ ਨੂੰ ਸਮਾਜਿਕ ਬਰਾਬਰੀ ਲਈ ਲੜ ਰਹੇ ਲੋਕਾਂ ਦੇ ਨਾਂਅ ਕੀਤਾ ਗਿਆ। ਸੈਸ਼ਨ ਦੀ ਸੰਚਾਲਕ ਉੱਘੀ ਪੱਤਰਕਾਰ, ਲੇਖਕ ਨਰੂਪਮਾ ਦੱਤ ਨੇ ਕਿਹਾ ਕਿ ਇਹ ਸੈਸ਼ਨ ਪੰਜਾਬੀ ਕਾਵਿ ਦੇ ਦੋ ਮਰਹੂਮ ਨਾਮਵਰ ਰਤਨਾਂ ਲਾਲ ਸਿੰਘ ਦਿਲ ਅਤੇ ਸੰਤ ਰਾਮ ਉਦਾਸੀ ਨੂੰ ਸਮਰਪਿਤ ਰਿਹਾ, ਕਿਉਂਕਿ ਉਪਰੋਕਤ ਦੋਵੇਂ ਸ਼ਾਇਰ ਭਾਵੇਂ ਜਿੰਦਾ ਨਹੀਂ ਰਹੇ, ਪਰ ਉਨ੍ਹਾਂ ਦੀਆਂ ਕਵਿਤਾਵਾਂ ਅੱਜ ਵੀ ਸੰਘਰਸ਼ਸ਼ੀਲ ਜਜ਼ਬੇ ਪੈਦਾ ਕਰਦੀਆਂ ਹੋਈਆਂ ਆਮ ਆਦਮੀ ਦੇ ਮਨ ਨੂੰ ਝੰਜੋੜ ਰਹੀਆਂ ਹਨ। ਇਸ ਸੈਸ਼ਨ ਵਿੱਚ ਲੇਖਕ ਤੇ ਪੱਤਰਕਾਰ ਦੇਸ ਰਾਜ ਕਾਲੀ ਦੀ ਸਾਹਿਤਕ ਦੇਣ ਦੇ ਸੰਬੰਧ ਵਿੱਚ ਵੀ ਚਰਚਾ ਹੋਵੇਗੀ। ਦੇਸ ਰਾਜ ਕਾਲੀ ਨੇ ਜਾਤੀਵਾਦ ਦੀ ਘਿਨਾਉਣੀ ਪ੍ਰਥਾ ਦੇ ਖਿਲਾਫ ਕਈ ਨਾਵਲ, ਕਹਾਣੀਆਂ ਲਿਖ ਕੇ ਆਪਣੀ ਅਵਾਜ਼ ਲਗਾਤਾਰ ਬੁਲੰਦ ਰੱਖੀ ਹੈ। ਸਮਾਜਿਕ ਰਵਾਇਤਾਂ ਹੇਠ ☛(ਬਾਕੀ ਸਫਾ 2 'ਤੇ)

ਜ਼ਿਮੀਂਦਾਰਾਂ ਨੇ ਦਲਿਤਾਂ ਦੇ 4 ਘਰ ਢਾਹੇ, 8 ਨੂੰ ਲਾਈ ਅੱਗ

ਭਗਵਾਨ ਵਾਲਮੀਕ ਦਾ ਮੰਦਰ ਢਾਹਿਆ- 4 ਦਲਿਤ, ਦਰਜਨਾਂ ਪਸ਼ੂ ਲਾਪਤਾ

ਤਲਵੰਡੀ ਸਾਬੋਂ, 21 ਜਨਵਰੀ (ਰਣਜੀਤ ਸਿੰਘ ਰਾਜੂ)-ਇੱਥੋਂ ਨੇੜਲੇ ਪਿੰਡ ਭਗਵਾਨਪੁਰਾ ਅੰਦਰ ਪਿੰਡ ਦੀ ਸ਼ਾਮਲਾਟ ਜ਼ਮੀਨ ਤੇ ਕਬਜ਼ੇ ਨੂੰ ਲੈ ਕੇ ਪਿਛਲੇ ਕਈ ਸਾਲਾਂ ਤੋਂ ਚੱਲਿਆ ਆ ਰਿਹਾ ਵਿਵਾਦ ਬੀਤੀ ਰਾਤ ਉਸ ਸਮੇਂ ਗੰਭੀਰ ਰੂਪ ਅਖਤਿਆਰ ਕਰ ਗਿਆ। ਜਦੋਂ ਆਪਣੇ ਆਪ ਨੂੰ ਇਸ ਜ਼ਮੀਨ ਦਾ ਮਾਲਕ ਦੱਸਣ ਵਾਲੇ ਪਿੰਡ ਦੇ ਕੁੱਝ ਜ਼ਿਮੀਦਾਰਾਂ ਨੇ ਬਾਹਰੀ ਲੋਕਾਂ ਦੀ ਮੱਦਦ ਨਾਲ ਪਿਛਲੇ ਲੰਬੇ ਸਮੇਂ ਤੋਂ ਇੱਥੇ ਰਹਿ ਰਹੇ ਦਲਿਤ ਲੋਕਾਂ ਦੇ 4 ਕੁ ਪੱਕੇ ਘਰ ਢਾਹ ਦਿੱਤੇ ਜਦੋਂਕਿ ਕੱਚਿਆਂ ਨੂੰ ਅੱਗ ਲਗਾ ਦਿੱਤੀ। ਕਬਜ਼ਾ ਕਰਨ ਆਏ ਲੋਕਾਂ ਨੇ ਦਲਿਤ ਲੋਕਾਂ ਵੱਲੋਂ ਬਣਾਏ ਭਗਵਾਨ ਵਾਲਮੀਕ ਦੇ ਮੰਦਰ ਤੱਕ ਨੂੰ ਢਾਹ ਦਿੱਤਾ। ਨੇੜਲੇ ਪਿੰਡ ਭਗਵਾਨਪੁਰਾ ਦੀ 12 ਏਕੜ ਦੇ ਕਰੀਬ ਜ਼ਮੀਨ ਜੋ ਕਿ ਸ਼ਾਮਲਾਟ ਦੀ ਸੀ ਤੇ ਕਰੀਬ 6-7 ਸਾਲ ਪਹਿਲਾਂ ਪਿੰਡ ਦੇ ਕੁੱਝ ਦਲਿਤ ਲੋਕਾਂ ਨੇ ਇੱਥੇ ਆਪਣੇ ਰਹਿਣ ਲਈ ਘਰ ਬਣਾ ਲਏ ਸਨ, ਪ੍ਰੰਤੂ ਪਿੰਡ ਦੇ ਕੁੱਝ ਜ਼ਿਮੀਂਦਾਰ ਇਸ ਜ਼ਮੀਨ ਦੀ ਮਾਲਕੀ ਆਪਣੇ ਨਾਂਅ ਦੱਸ ਕੇ ਇਸ ਤੇ ਕਬਜ਼ਾ ਕਰਨਾ ਚਾਹੁੰਦੇ ਸਨ। ਇਸ ਦੇ ਚੱਲਦਿਆਂ ਦੋਵਾਂ ਧਿਰਾਂ ਵਿੱਚ ਇੱਕ ਵਾਰ ਪਹਿਲਾਂ ਵੀ ਕਾਫੀ ਵਿਵਾਦ ਹੋ ਚੁੱਕਾ ਹੈ। ਬੀਤੀ ਦੇਰ ਰਾਤ ਵੀ ਇਸ ਵਿਵਾਦ ਕਾਰਨ ਦਲਿਤਾਂ ਦੇ ਕਰੀਬ 12 ਘਰ ਇਸ ਝਗੜੇ ਦੀ ਭੇਂਟ ਚੜ੍ਹ ਗਏ। ਪਿੰਡ ਭਗਵਾਨਪੁਰਾ ਦੀ ਇਸ ਦਲਿਤ ਕਲੋਨੀ ਦਾ ਦੌਰਾ ਕੀਤਾ ਤਾਂ ਸਾਰੇ ਘਰਾਂ ਦੀਆਂ ਇੱਟਾਂ ਖੁੱਲ੍ਹੇ ਮੈਦਾਨ ਵਿੱਚ ਪਈਆਂ ਸਨ ਤੇ ਕੱਚੇ ਘਰਾਂ ਵਿੱਚੋਂ ਅਜੇ ਤੱਕ ਵੀ ਧੂੰਆਂ ਨਿਕਲ ਰਿਹਾ ਸੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜੋਗਿੰਦਰ ਸਿੰਘ, ਸ਼ੀਰਾ ਸਿੰਘ ਨੇ ਦੱਸਿਆ ਕਿ ਉਹ ਇਸ ਜ਼ਮੀਨ ਉੱਤੇ 6-7 ਸਾਲਾਂ ਤੋਂ ਰਹਿ ਰਹੇ ਹਨ। ਪਿੰਡ ਦੇ ਕੁੱਝ ਜ਼ਿਮੀਂਦਾਰਾਂ ਨਾਲ ਸ਼ਾਮਲਾਟ ਜ਼ਮੀਨ ਦਾ ਰੌਲਾ ਹੈ ਅਤੇ ਹੁਣ ਮੁਕੱਦਮਾ ਹਾਈਕੋਰਟ ਵਿੱਚ ਚੱਲ ਰਿਹਾ ਹੈ, ਪ੍ਰੰਤੂ ਬੀਤੀ ਰਾਤ ਕਰੀਬ 9 ਕੁ ਵਜੇ ਪਿੰਡ ਦੇ ਕੁੱਝ ਜ਼ਿਮੀਦਾਰ ☛(ਬਾਕੀ ਸਫਾ 2 'ਤੇ)

ਮਹਿਗਾਈ 'ਤੇ ਪ੍ਰਧਾਨ ਮੰਤਰੀ ਦੀ ਮੁੱਖ ਮੰਤਰੀਆਂ ਨਾਲ ਬੈਠਕ 27 ਨੂੰ

ਨਵੀਂ ਦਿੱਲੀ, 21 ਜਨਵਰੀ (ਵਿਸ਼ਵ ਵਾਰਤਾ)-ਖੁਰਾਕ ਵਸਤਾਂ ਦੀਆਂ ਲਗਾਤਾਰ ਵਧਦੀਆਂ ਜਾ ਰਹੀਆਂ ਕੀਮਤਾਂ ਦੇ ਮੁੱਦੇ 'ਤੇ ਵਿਚਾਰ-ਵਟਾਂਦਰੇ ਲਈ 27 ਜਨਵਰੀ ਨੂੰ ਸਰਕਾਰ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਬੈਠਕ ਕਰੇਗੀ। ਜਾਣਕਾਰੀ ਅਨੁਸਾਰ ਇਹ ਬੈਠਕ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪ੍ਰਧਾਨਗੀ ਹੇਠ ਹੋਵੇਗੀ। ਇਸ ਬੈਠਕ ਨੂੰ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਖੁਰਾਕ ਵਸਤੂਆਂ ਦੀਆਂ ਕੀਮਤਾਂ ਲਗਾਤਾਰ ਵਧਦੀਆਂ ਹੀ ਜਾ ਰਹੀਆਂ ਹਨ ਤੇ ਸਰਕਾਰ ਨੂੰ ਵਿਰੋਧੀ ਪਾਰਟੀਆਂ ਦਾ ਲਗਾਤਾਰ ਇਸ ਮੁੱਦੇ 'ਤੇ ਨਿਸ਼ਾਨਾ ਬਣਨਾ ਪੈ ਰਿਹਾ ਹੈ। ਦੂਜੇ ਪਾਸੇ ਅੱਜ ਜਾਰੀ ਸਰਕਾਰੀ ਅੰਕੜਿਆਂ ਅਨੁਸਾਰ ਖੁਰਾਕ ਵਸਤੂਆਂ 'ਤੇ ਆਧਾਰਿਤ ਮਹਿਗਾਈ ਦਰ 9 ਜਨਵਰੀ ਨੂੰ ਖ਼ਤਮ ਹੋਏ ਹਫ਼ਤੇ ਵਿਚ ਘਟ ਕੇ 16.81 ਫੀਸਦੀ 'ਤੇ ਆ ਗਈ। ਇਸ ਤੋਂ ਪਹਿਲਾਂ ਇਹ ਦਰ 17.28 ਫੀਸਦੀ ਸੀ। ਇਸ ਤੋਂ ਪਹਿਲਾਂ ਮਹਿਗਾਈ ਦੇ ਮੁੱਦੇ 'ਤੇ ਕੱਲ੍ਹ ਭਾਜਪਾ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ☛(ਬਾਕੀ ਸਫਾ 2 'ਤੇ)

ਪੰਜਾਬ 'ਚ ਕੰਪਿਊਟਰ ਨਾਲ ਜੋੜਾਂ ਦੀ ਬਦਲੀ ਅੰਮ੍ਰਿਤਸਰ 'ਚ ਸ਼ੁਰੂ

ਅੰਮ੍ਰਿਤਸਰ, 21 ਜਨਵਰੀ (ਮੋਤਾ ਸਿੰਘ)-ਪਾਰਵਤੀ ਦੇਵੀ ਹਸਪਤਾਲ ਅਤੇ ਡਾਕਟਰ ਵੀਨਾ ਕਲੀਨਿਕ, ਅੰਮ੍ਰਿਤਸਰ ਨੇ ਚੌਥੀ ਪੀੜ੍ਹੀ ਦੇ ਕੰਪਿਊਟਰ ਦੀ ਮਦਦ ਨਾਲ ਜਾਇੰਟ ਰਿਪਲੇਸਮੈਂਟ ਦੀ ਸਰਜਰੀ ਲਾਂਚ ਕਰਨ ਦਾ ਐਲਾਨ ਕੀਤਾ ਹੈ। ਪੰਜਾਬ ਵਿੱਚ ਚੌਥੀ ਪੀੜ੍ਹੀ ਦੇ ਕੰਪਿਊਟਰ ਦੀ ਮਦਦ ਨਾਲ ਜੁਆਇੰਟ ਰਿਪਲੇਸਮੈਂਟ ਸਰਜਰੀ ਦੀ ਇਹ ਤਕਨੀਕ ਪਹਿਲੀ ਵਾਰ ਪੇਸ਼ ਕੀਤੀ ਗਈ ਹੈ। ਇਸ ਨਵੀਂ ਤਕਨੀਕ ਰਾਹੀਂ ਸਰਜਨ ਨੂੰ ਅਪ੍ਰੇਸ਼ਨ ਰੂਮ ਵਿੱਚ ਕੰਪਿਊਟਰ ਸਾਇੰਸ ਅਤੇ ਨੈਵੀਗੇਸ਼ਨ ਦੀ ਮਦਦ ਮਿਲੇਗੀ। ਸੀ.ਆਈ. ਤਕਨੀਕ ਐਤ ਕਾਰ ਦੇ ਜੀ.ਪੀ.ਐੱਸ. ਸਿਸਟਮ ਵਿੱਚ ਇੱਕ ਸਮਾਨਤਾ ਹੁੰਦੀ ਹੈ। ਜਿਵੇਂ ਜੀ.ਪੀ.ਐੱਸ. ਸਿਸਟਮ ਕਾਰ ਨੂੰ ਰਸਤਾ ਦੱਸਣ ਵਿੱਚ ਮਦਦ ਕਰਦਾ ਹੈ, ਉਸੇ ਤਰ੍ਹਾਂ ਸੀ.ਆਈ. ਸਿਸਟਮ ਸਰਜਰੀ 'ਚ ਮਦਦਗਾਰ ਸਾਬਤ ਹੁੰਦਾ ਹੈ। ਇਸ ਸੀ.ਆਈ. ਸਿਸਟਮ 'ਚ ਕੈਮਰਾ ਸੈਟੇਲਾਈਟ ਦੀ ਥਾਂ ਲੈ ਲੈਂਦਾ ਹੈ, ਸਰਜੀਕਲ ਔਜਾਰ ਕਾਰ ਦੀ ਥਾਂ ਲੈ ਲੈਂਦੇ ਹਨ ਅਤੇ ਮਰੀਜ਼ ਦੇ ਸਰੀਰ ਦਾ ਜ਼ਿਆਦਾ ਬਿਹਤਰ ਦ੍ਰਿਸ਼ ਸੜਕ ਦੀ ਥਾਂ ਲੈ ਲੈਂਦੇ ਹਨ। ਡਾ. ਜੇ.ਪੀ.ਐੱਸ. ਛੀਨਾ, ਸੀਨੀਅਰ ਕੰਸਲਟੈਂਟ ਐਂਡ ਜੁਆਇੰਟ ਰਿਪਲੇਸਮੈਂਟ ਸਰਜਨ ਨੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਸੀ.ਆਈ. ਆਧਾਰਤ ਕੰਪਿਊਟਰ ਦੀ ਮਦਦ ਨਾਲ ਕੀਤਾ ਜਣ ਵਾਲਾ ਗੋਡੇ ਦਾ ਰਿਪਲੇਸਮੈਂਟ ਸਿਸਟਮ, ਸਰਜਨ ਨੂੰ ਅਪ੍ਰੇਸ਼ਨ ਤੋਂ ਪਹਿਲਾਂ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਅਤੇ ਮੌਜੂਦਾ ਹਾਲਤ ਦੀ ਵਿਸਥਾਰ ਨਾਲ ਜਾਣਕਾਰੀ ਮਿਲ ਜਾਂਦੀ ਹੈ। ਜੋ ਅਪ੍ਰੇਸ਼ਨ ਦੌਰਾਨ ਮ ਦ ਦ ਗਾ ਰ ☛(ਬਾਕੀ ਸਫਾ 2 'ਤੇ)

ਸ਼ਿਵ ਸ਼ੰਕਰ ਮੈਨਨ ਰਾਸ਼ਟਰੀ ਸੁਰੱਖਿਆ ਸਲਾਹਕਾਰ ਨਿਯੁਕਤ

ਨਵੀਂ ਦਿੱਲੀ, 21 ਜਨਵਰੀ (ਵਿਸ਼ਵ ਵਾਰਤਾ)-ਸਾਬਕਾ ਵਿਦੇਸ਼ ਸਕੱਤਰ ਸ਼ਿਵ ਸ਼ੰਕਰ ਮੈਨਨ ਨੂੰ ਅੱਜ ਨਵਾਂ ਰਾਸ਼ਟਰੀ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਨਿਰੂਪਮਾ ਰਾਓ ਦੇ ਪਹਿਲੇ ਵਿਦੇਸ਼ ਸਕੱਤਰ ਰਹੇ ਮੈਨਨ ਨੇ ਭਾਰਤ ਪਾਕਿ ਪ੍ਰਮਾਣੂ ਕਰਾਰ ਨੂੰ ਜਾਮਾ ਪਹਿਨਾਉਣ ਵਿਚ ਅਹਿਮ ਭੂਮਿਕਾ ਨਿਭਾਈ ਸੀ। ਮੈਨਨ ਰਾਸ਼ਟਰੀ ਸੁਰੱਖਿਆ ਸਲਾਹਕਾਰ ਐਮ.ਕੇ. ਨਾਰਾਇਣਨ ਦੀ ਜਗ੍ਹਾਂ ਲੈਣਗੇ, ਜਿਨ੍ਹਾਂ ਨੂੰ ਪਿਛਲੇ ਹਫ਼ਤੇ ਪੱਛਮੀ ਬੰਗਾਲਾ ਦਾ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਇਸ ਅਹੁਦੇ ਦੀ ਦੌੜ ਵਿਚ ਮਨਨ ਤੋਂ ਇਲਾਵਾ ਇਕ ਹੋਰ ਸਾਬਕਾ ਵਿਦੇਸ਼ ਸਕੱਤਰ ਸ਼ਿਆਮ ਸਰਨ ਦਾ ਨਾਮ ਵੀ ਸੀ। ਸਰਨ ਪ੍ਰਧਾਨ ਮੰਤਰੀ ਦੇ ਵਿਸ਼ੇਸ਼ ਦੂਤ ਵੀ ਹਨ।

ਸੰਤ ਸੀਚੇਵਾਲ ਦੀ ਮਾਤਾ ਨੂੰ ਸ਼ਰਧਾਂਜਲੀਆਂ

ਯਾਦ 'ਚ ਸਵਾ ਲੱਖ ਬੂਟੇ ਲਾਉਣਗੇ ਸੀਚੇਵਾਲ

ਸੁਲਤਾਨਪੁਰ ਲੋਧੀ, 21 ਜਨਵਰੀ (ਰਾਜਬੀਰ ਸਿੰਘ)-ਪ੍ਰਸਿੱਧ ਵਾਤਾਵਰਣ ਪ੍ਰੇਮੀ ਸੰਤ ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਦੀ ਮਾਤਾ ਚੰਨਣ ਕੌਰ ਜੀ ਦੀ ਅੰਤਿਮ ਅਰਦਾਸ ਸਮੇਂ ਹਜ਼ਾਰਾਂ ਸ਼ਰਧਾਲੂਆਂ ਨੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਇਸ ਮੌਕੇ ਸੰਤ ਸੀਚੇਵਾਲ ਨੇ ਮਾਤਾ ਜੀ ਦੀ ਯਾਦ ਵਿੱਚ ਸਵਾ ਲੱਖ ਬੂਟੇ ਲਾਉਣ ਦਾ ਐਲਾਨ ਕੀਤਾ। ਇਹ ਬੂਟੇ ਸਾਲ ਭਰ ਵਿੱਚ ਲਗਾਏ ਜਾਣਗੇ। ਸ਼ਰਧਾਂਜਲੀ ਦੇਣ ਵਾਲਿਆਂ ਵਿੱਚ ਦੇਸ਼ ਵਿਦੇਸ਼ ਦੀਆਂ ਸਮਾਜ ਸੇਵੀ ਜੱਥੇਬੰਦੀਆਂ ਵੀ ਸ਼ਾਮਲ ਹੋਈਆਂ। ਇਸ ਮੌਕੇ ਵੱਖ-ਵੱਖ ☛(ਬਾਕੀ ਸਫਾ 2 'ਤੇ)

ਪਾਕਿ 'ਚ ਧਮਾਕਾ; ਔਰਤ ਦੀ ਮੌਤ, 22 ਜ਼ਖਮੀ

ਇਸਲਾਮਾਬਾਦ, 21 ਜਨਵਰੀ (ਵਿਸ਼ਵ ਵਾਰਤਾ)-ਪਾਕਿਸਤਾਨ ਦੇ ਅਸ਼ਾਂਤ ਬਜਾਊਰ ਕਬਾਇਲੀ ਇਲਾਕੇ ਵਿਚ ਅੱਜ ਹਿਕ ਆਈ.ਈ.ਡੀ. ਵਿਸਫੋਟ ਵਿਚ ਇਕ ਔਰਤ ਦੀ ਮੌਤ ਹੋ ਗਈ ਅਤੇ 22 ਹੋਰ ਜ਼ਖ਼ਮੀ ਹੋ ਗਏ। ਇਹ ਧਮਾਕਾ ਇਨ੍ਹਾਂ ਲੋਕਾਂ ਨੂੰ ਲੈ ਕੇ ਜਾ ਰਹੇ ਵਾਹਨਾਂ ਨੂੰ ਨਿਸ਼ਾਨਾ ਬਣਾ ਕੇ ਕੀਤਾ ਗਿਆ ਸੀ।

ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਅੱਜ ਨਾਭਾ 'ਚ

ਨਾਭਾ, 21 ਜਨਵਰੀ (ਰਾਜਿੰਦਰ ਸਿੰਘ ਕਪੂਰ)-ਨਾਭਾ ਨੇੜਲੇ ਪਿੰਡ ਅਲੋਹਰਾ ਕਲਾਂ ਦੇ ਵਾਸੀ ਰਣਜੋਧ ਸਿੰਘ, ਜਿਸ ਦੀ ਬੀਤੇ ਮਹੀਨੇ ਆਸਟਰੇਲੀਆ ਦੇ ਗ੍ਰਿਫਿਥ ਸ਼ਹਿਰ ਵਿਖੇ ਹੋ ਗਈ ਸੀ, ਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਨ ਲਈ ਵਿਦੇਸ਼ ਰਾਜ ਮੰਤਰੀ ਸ੍ਰੀਮਤੀ ਪ੍ਰਨੀਤ ਕੌਰ ਵਿਸ਼ੇਸ਼ ਤੌਰ 'ਤੇ 22 ਜਨਵਰੀ ਨੂੰ ਸਵੇਰੇ 10 ਵਜੇ ਰਣਜੋਧ ਦੇ ਘਰ ਪਹੁੰਚ ਰਹੇ ਹਨ। ਇਸ ਸੰਬੰਧੀ ਜਾਣਕਾਰੀ ਵਿਧਾਇਕ ਕਾਕਾ ਰਣਦੀਪ ਸਿੰਘ ਨੇ ਫੋਨ 'ਤੇ ਦਿੱਤੀ।

ਪੰਜਾਬ ਸਰਕਾਰ ਵਲੋਂ ਪਿਛਲੇ ਤਿੰਨ ਸਾਲਾਂ ਦੀਆਂ ਪ੍ਰਾਪਤੀਆਂ ਨੂੰ ਸਮਰਪਿਤ ਵਿਸ਼ੇਸ ਮੁਹਿੰਮ ਸ਼ੁਰੂ

ਚੰਡੀਗੜ੍ਹ 21 ਜਨਵਰੀ(ਹਰੀਸ਼ ਚੰਦਰ ਬਾਗਾਂਵਾਲਾ)-ਪੰਜਾਬ ਸਰਕਾਰ ਵਲੋਂ ਸ਼ੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦੀਆਂ ਪਿਛਲੇ ਤਿੰਨ ਸਾਲਾਂ ਦੀਆਂ ਨੀਤੀਆਂ ਕੰਮ-ਕਾਜ ਅਤੇ ਬੇਮਿਸਾਲ ਪ੍ਰਾਪਤੀਆਂ ਤੋਂ ਆਮ ਜਨਤਾ ਨੂੰ ਜਾਗਰੂਕ ਕਰਵਾਉਣ ਲਈ ਇਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਸ਼੍ਰੀ ਹਰਚਰਨ ਬੈਂਸ ਅਨੁਸਾਰ ਤਿੰਨ ਸਾਲ ਪਹਿਲਾ ਅਜਿਹੇ ਸਮੇ ਬਾਰੇ ਸੋਚਿਆ ਵੀ ਨਹੀ ਜਾ ਸਕਦਾ ਸੀ। ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਅਤੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੀ ਦੂਰਅੰਦੇਸ਼ੀ ਨਾਲ ਵਿਕਾਸ ਦਾ ਅਜਿਹਾ ਏਜੰਡਾ ਲਾਗੂ ਕੀਤਾ ਗਿਆ ਜਿਸ ਸਦਕਾ ਰਾਜ ਅਜਿਹੇ ਮੁਕਾਮ 'ਤੇ ਪਹੁੰਚ ਚੁੱਕਾ ਹੈ ਜਿਸ ਨਾਲ ਵਿਕਾਸ ਦੀ ਅਗਲੀ ਮੰਜ਼ਿਲ ਅਸਾਨੀ ਨਾਲ ਪ੍ਰਾਪਤ ਕੀਤੀ ਜਾ ਸਕੇਗੀ। ਇਸੇ ਦੌਰਾਨ ਸ਼੍ਰੀ ਬੈਂਸ ਨੇ ਅੱਜ ਜਾਗਰੂਕਤਾ ਮੁਹਿੰਮ ਲਈ ਵਿਸ਼ਾਲ ਯੋਜਨਾ ਤਿਆਰ ਕਰਨ ਸੰਬੰਧੀ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਉਚ ਅਧਿਕਾਰੀਆਂ ਅਤੇ ਮੀਡੀਆ ਹੇਡਜ਼ ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕਿ ਸਰਕਾਰ ਦੀਆਂ ਮੁੱਖ ਪ੍ਰਾਪਤੀਆਂ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਰਾਹੀਂ ਉਜਾਗਰ ਕਰਨ ਹਿਤ ਇਕ ਪ੍ਰਭਾਵਸ਼ਾਲੀ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਇਸ ਹਫਤਾ ਭਰ ਲੰਬੀ ਮੁਹਿੰਮ ਦੌਰਾਨ ਰਾਜ ਦੇ ਸੰਬਧਤ ਮੰਤਰੀਆਂ ਵਲੋਂ ਰਾਜ ਭਰ ਵਿਚ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦੇ ਨੀਂ'ਹ ਪੱਥਰ ਰੱਖੇ ਜਾਣਗੇ ਅਤੇ ਉਦਘਾਟਨ ਕੀਤੇ ਜਾਣਗੇ। ਸੂਚਨਾ ਤੇ ਲੋਕ ਸੰਪਰਕ ਵਿਭਾਗ,ਪੰਜਾਬ ਵਲੋਂ ਸ਼ੋਮਣੀ ਅਕਾਲੀ ਦਲ-ਭਾਜਪਾ ਗਠਜੋੜ ਦੀਆਂ ਪਿਛਲੇ ਤਿੰਨ ਸਾਲਾਂ ਦੀਆਂ ਨੀਤੀਆਂ ਅਤੇ ਬੇਮਿਸਾਲ ਪ੍ਰਾਪਤੀਆਂ ਤੋਂ ਆਮ ਜਨਤਾ ਨੂੰ ਜਾਗਰੂਕ ਕਰਵਾਉਣ ਲਈ ਵਿਸ਼ੇਸ਼ ਪ੍ਰਕਾਸਨਾਵਾਂ ਵੀ ਪ੍ਰਕਾਸ਼ਤ ਕੀਤੀਆਂ ਜਾਣਗੀਆਂ। ਸ਼੍ਰੀ ਬੈਂਸ ਨੇ ਅੱਗੇ ਦੱਸਿਆ ਕਿ ਉਪ ਮੁੱਖ ਮੰਤਰੀ ਸ.ਸੁਖਬੀਰ ਸਿੰਘ ਬਾਦਲ ਅਤੇ ਸਥਾਨਕ ਸਰਕਾਰ ਮੰਤਰੀ ਸ਼੍ਰੀ ਮਨੋਰੰਜਨ ਕਾਲੀਆ ਦੀ ਦੋ ਮੈਂਬਰੀ ਕਮੇਟੀ ਵਲੋਂ ਵਾਧੂ ਵਿੱਤੀ ਵਸੀਲੀਆਂ ਦੀ ਗਤੀਸ਼ੀਲਤਾ ਲਈ ਦਿੱਤੇ ਸੁਝਾਵਾਂ ਸੰਬਧੀ ਸਰਕਾਰ ਨੂੰ ਪੇਸ਼ ਰਿਪੋਰਟ ਰਾਜ ਵਿਚ ਵਿਕਾਸ ਅਤੇ ਵਿੱਤੀ ਪ੍ਰਬੰਧ ਦੇ ਇਤਿਹਾਸ ਵਿਚ ਇਕ ਨਵਾਂ ਮੋੜ ਹੋਵੇਗਾ। ਇਸ ਪਹਿਲੂ ਨੂੰ ਵੀ ਇਸ ਮੁਹਿੰਮ ਦੌਰਾਨ ਉਜਾਗਰ ਕੀਤਾ ਜਾਵੇਗਾ। ਮੀਟਿੰਗ ਵਿਚ ਉਪ ਮੁੱਖ ਮੰਤਰੀ ਦੇ ਓ.ਐਸ.ਡੀ ਸ. ਨਿਰਭਜੀਤ ਸਿੰਘ ਧਨੋਆ, ਵਧੀਕ ਡਾਇਰੈਕਟਰ ਲੋਕ ਸੰਪਰਕ ਸ. ਜਰਨੈਲ ਸਿੰਘ ਅਤੇ ਵਿਭਾਗ ਦੇ ਉਚ ਅਧਿਕਾਰੀ ਅਤੇ ਮੀਡੀਆ ਹੈਡਜ਼ ਸ਼ਾਮਲ ਸਨ।

ਹੌਲੀ-ਹੌਲੀ ਸਬਸਿਡੀਆਂ ਦਾ ਪਾ ਦਿਆਂਗੇ ਭੋਗ-ਢੀਂਡਸਾ

ਤਪਾ ਮੰਡੀ, 21 ਜਨਵਰੀ (ਯਾਦੂ ਭੁੱਲਰ)-ਸਰਕਾਰਾਂ ਨੂੰ ਚਲਾਉਣ ਲਈ ਟੈਕਸ ਲਗਾਉਣ ਹੀ ਪੈਂਦੇ ਹਨ। ਇਨ੍ਹਾਂ ਟੈਕਸਾਂ ਤੋਂ ਹੀ ਇੱਕਠੀ ਹੋਈ ਰਾਸ਼ੀ ਨਾਲ ਸੂਬੇ ਦਾ ਵਿਕਾਸ ਹੁੰਦਾ ਹੈ। ਸੁਖਬੀਰ ਕਾਲੀਆ ਕਮੇਟੀ ਨੇ ਜੋ ਰਿਪੋਰਟ ਪੰਜਾਬ ਦੇ ਮੁੱਖ ਮੰਤਰੀ ਨੂੰ ਸੌਂਪੀ ਹੈ। ਉਹ ਲੋਕਾਂ ਦੀਆਂ ਆਸਾਂ ਮੁਤਾਬਕ ਬਿਲਕੁਲ ਸਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼ੋਮਣੀ ਅਕਾਲੀ ਦਲ ਦੇ ਜਨਰਲ ਸਾਬਕਾ ਸਸੰਦ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਗੁਰਦੁਆਰਾ ਸ੍ਰੀ ਟਿੱਬਾ ਸਾਹਿਬ ਵਿਖੇ ਪੰਜਵੇਂ ਸਲਾਨਾ ਜੋੜ ਮੇਲੇ ਦੇ ਆਖਰੀ ਦਿਨ ਗੁਰਮਤਿ ਸਮਾਗਮ ਉਪਰੰਤ ਵਿਸ਼ੇਸ਼ ਤੌਰ ਤੇ ਪਹੁੰਚ ਕੇ ਜਿੱਥੇ ਇਸ ਸਲਾਨਾ ਜੋੜ ਮੇਲੇ ਦੀ ਵਿਸ਼ੇਸ਼ਤਾ ਬਾਰੇ ਚਾਨਣਾ ਪਾਇਆ। ਬਾਅਦ ਵਿੱਚ ਪੱਤਰਕਾਰ ਸੰਮੇਲਨ ਦੌਰਾਨ ਇਹ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਇਹ ਵੀ ਕਿਹਾ ਕਿ ਹੌਲੀ-ਹੌਲੀ ਸਬਸਿਡੀਆਂ ਵੀ ਘਟਾਈਆਂ ਜਾਣਗੀਆਂ, ਕਿਉਂਕਿ ਇਸ ਆਮਦਨ ਨੂੰ ਜੁਟਾਉਣ ਲਈ ਟੈਕਸ ਲਾਉਣੇ ਜਰੂਰੀ ਹਨ। ਉੱਥੇ ਲੋਕਾਂ ਨੂੰ ਸੂਬਾ ਸਰਕਾਰ ☛(ਬਾਕੀ ਸਫਾ 2 'ਤੇ)

ਵਿਦਵਤਾ ਦੇ ਭਰਮ ਕਾਰਨ ਹੀ ਕਲਕੱਤਾ ਪਟੜੀ ਤੋਂ ਲੱਥੇ-ਮੱਕੜ

ਅੰਮ੍ਰਿਤਸਰ 21 ਜਨਵਰੀ (ਮੋਤਾ ਸਿੰਘ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇਥੋਂ ਜਾਰੀ ਇਕ ਪ੍ਰੈਸ ਰੀਲੀਜ਼ 'ਚ ਉਨ੍ਹਾਂ ਸਬੰਧੀ ਸ ਮਨਜੀਤ ਸਿੰਘ ਕਲਕੱਤਾ ਵਲੋਂ ਆਪਣੇ ਬਿਆਨ 'ਚ ਵਰਤੀ ਨੀਵੇਂ ਪੱਧਰ ਦੀ ਸ਼ਬਦਾਵਲੀ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਕਿ ਸ ਮਨਜੀਤ ਸਿੰਘ ਕਲਕੱਤਾ ਨੂੰ ਆਪਣੇ ਆਪ 'ਚ ਇਕ ਵਿਦਵਾਨ ਹੋਣ ਦਾ ਭਰਮ ਹੀ ਅੱਜ ਅਰਸ਼ ਤੋਂ ਫਰਸ਼ 'ਤੇ ਲੈ ਆਇਆ ਹੈ ਕਿ ਉਹ ਬੇਤੁਕੇ ਬਿਆਨ ਦਾਗ ਕੇ ਪੰਥ-ਪ੍ਰਸਤ ਹੋਣ ਦਾ ਦਾਅਵਾ ਕਰ ਰਹੇ ਹਨ। ਪਰ ਇਹ ਵੀ 'ਅਕਾਲ ਪੁਰਖ' ਦੀ ਹੀ ਰਜ਼ਾ ਹੈ। ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਜਿਸ ਸੰਸਥਾ ਦੇ ਉਹ ਸਕੱਤਰ ਰਹੇ ਸਨ, ਅੱਜ ਉਸੇ ਸੰਸਥਾ ਦੀ ਸਾਖ ਨੂੰ ਨੀਵਾਂ ਵਿਖਾਉਣ ਲਈ ਸਿਰਤੋੜ ਯਤਨਸ਼ੀਲ ਹਨ, ਮੈਂ (ਜਥੇਦਾਰ ਅਵਤਾਰ ਸਿੰਘ) ਉਸ ਸੰਸਥਾ ਦਾ ਸੰਗਤਾਂ ਦੀਆਂ ਵੋਟਾਂ ਨਾਲ ਚੁਣਿਆ ਹੋਇਆ ਮੈਂਬਰ ਹਾਂ ਅਤੇ ਇਸ ਸੰਸਥਾ ਦੇ ਪ੍ਰਧਾਨ ਵਰਗੇ ਸਨਮਾਨਜਨਕ ਅਹੁਦੇ 'ਤੇ ਪਿਛਲੇ ਚਾਰ ਸਾਲਾਂ ਤੋਂ ਸਤਿਗੁਰੂ ਦੀ ਬਖਸ਼ਿਸ਼ ਸਦਕਾ ਤਨਦੇਹੀ ਨਾਲ ਸੇਵਾ ਨਿਭਾ ਰਿਹਾ ਹਾਂ ਅਤੇ ਇਸ ਦੇ ਪ੍ਰਬੰਧ ਨੂੰ ਸੁਚਾਰੂ ਬਨਾਉਣ ਲਈ ਕੀਤੇ ਉਪਰਾਲੇ ਸੰਗਤਾਂ ਦੇ ਸਾਹਮਣੇ ਹਨ। ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਪੰਥ ਨੇ ਤਾਂ ਸ ਕਲਕੱਤਾ ਨੂੰ ਵੀ ਇਸ ਮਹਾਨ ਸੰਸਥਾ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਦਾ ਮੈਂਬਰ ਨਾਮਜ਼ਦ ਕਰਕੇ ਮਾਣ ਬਖਸ਼ਿਆ ਸੀ ਪਰ ਉਹ ਬਹੁਤੀ ਸਿਆਣਪ ਤੇ ਵਿਦਵਤਾ ਦੇ ਭਰਮ ਸਦਕਾ ਅਖ਼ਬਾਰਾਂ ਦੀਆਂ ਸੁਰਖੀਆਂ 'ਚ ਬਣੇ ਰਹਿਣ ਦੀ ਲਾਲਸਾ ਕਾਰਨ ਇਸੇ ਸੰਸਥਾ ਨੂੰ ਬਦਨਾਮ ਕਰਨ ਲਈ ਕਾਂਗਰਸ ਦੀ ਸਰਪ੍ਰਸਤੀ ਵਾਲੀ ਸਿੱਖ ਕੌਂਸਲ ਦੇ ਚੇਅਰਮੈਨ ਬਣ ਬੈਠੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਸੁਰਾਂ ਦਾ ਉਠਣਾ ਅੱਜ ਕੋਈ ਨਵੀਂ ਗੱਲ ਨਹੀਂ ਇਹ ਤਾਂ ਆਦਿ-ਕਾਲ ਤੋਂ ਚੱਲਦਾ ਆਇਆ ਹੈ, ਪਰ ਹੁੰਦਾ ਉਹੋ ਹੀ ਹੈ ਜੋ ਅਕਾਲ ਪੁਰਖ ਦੀ ਰਜ਼ਾ 'ਚ ਹੁੰਦਾ ਹੈ ਅਤੇ ਮੇਰਾ ਅਟੁਟ ਵਿਸ਼ਵਾਸ ਹੈ ਕਿ ਕਿਸੇ ਪ੍ਰਾਣੀ ਮਾਤਰ ਨੂੰ ਮਾਣ-ਸਨਮਾਨ ਜਾਂ ਅਹੁਦੇ ਅਕਾਲ ਪੁਰਖ ਦੀ ਰਜ਼ਾ 'ਚ ਹੀ ਬਖਸ਼ਿਸ਼ ਹੁੰਦੇ ਹਨ ਅਤੇ ਵਿਦਵਤਾ ਵੀ ਉਸ ਦੇ ਹੁਕਮ ਅਨੁਸਾਰ ਹੀ ਕੰਮ ਆਉਂਦੀ ਹੈ। ਉਨ੍ਹਾਂ ਕਿਹਾ ਕਿ ਮਹਾਨ ਕੁਰਬਾਨੀਆਂ ਉਪਰੰਤ ਹੋਂਦ 'ਚ ਆਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਗੁਰੂ ☛(ਬਾਕੀ ਸਫਾ 2 'ਤੇ)

ਬੋਰਡ ਦੇ ਨਿੱਜੀਕਰਨ ਵਿਰੁੱਧ ਬਿਜਲੀ ਮੁਲਾਜ਼ਮਾਂ ਦੀ ਹੜਤਾਲ 28 ਨੂੰ

ਸਰਦੂਲਗੜ੍ਹ, 21 ਜਨਵਰੀ (ਜਗਤਾਰ ਲਾਲਿਆਂਵਾਲੀ)-ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਰਾਜ ਬਿਜਲੀ ਬੋਰਡ ਨੇ ਬਿਜਲੀ ਬੋਰਡ ਦੇ ਨਿਗਮੀਕਰਨ ਅਤੇ ਨਿੱਜੀਕਰਨ ਦੀ ਨੀਤੀ ਰੱਦ ਕਰਵਾਉਣ, 15ਵੀਂ ਲੇਬਰ ਕਾਨਫਰੰਸ ਵੱਲੋਂ ਤੈਅ ਕੀਤੇ ਨਿਯਮਾਂ ਅਨੁਸਾਰ ਤਨਖਾਹ ਸਕੇਲ ਹਾਸਲ ਕਰਨ ਅਤੇ ਵਿਕਟੇਮਾਈਜ਼ੇਸ਼ਨਾਂ ਰੱਦ ਕਰਵਾਉਣ ਦੀਆਂ ਮੰਗਾਂ ਨੂੰ ਲੈ ਕੇ 28 ਜਨਵਰੀ ਨੂੰ ਮੁਕੰਮਲ ਹੜਤਾਲ ਕਰਨ ਦਾ ਐਲਾਨ ਕੀਤਾ। ਜੱਥੇਬੰਦੀ ਦੇ ਸੂਬਾ ਪ੍ਰਧਾਨ ਗੁਰਦਿਆਲ ਸਿੰਘ ਜਨਰਲ ਸਕੱਤਰ ਸੁਖਵੰਤ ਸਿੰਘ ਸੇਖੋਂ ਨੇ ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਤੇ ਤਨਖਾਹਾਂ ਕਮਿਸ਼ਨ ਦਾ ਹਵਾਲਾ ਦੇ ਕੇ ਮਾਨਸਾ ਵਿੱਚ ਰੈੱਡ ਕਰਾਸ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਕਟੌਤੀਆਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਜੱਥੇਬੰਦੀ ਸੰਘਰਸ਼ ਰਾਹੀਂ ਬਿਜਲੀ ਕਾਮਿਆਂ ਦ ਕੰਮ ਹਾਲਾਤ ਮੁਤਾਬਕ ਪਹਿਲਾਂ ਪ੍ਰਾਪਤ ਕੀਤੇ ਸਕੇਲ ਅਤੇ ☛(ਬਾਕੀ ਸਫਾ 2 'ਤੇ)

ਜ਼ਰੂਰੀ ਸੂਚਨਾ

'ਅੱਜ ਦੇ ਆਵਾਜ਼' ਦੇ ਸਮੂਹ ਸ਼ੁੱਭ ਚਿੰਤਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮੈਡਮ ਨਿਸ਼ਾ ਸ਼ਰਮਾ ਰੋਜ਼ਾਨਾ 'ਅੱਜ ਦੇ ਆਵਾਜ਼' ਦੇ ਫਾਜ਼ਿਲਕਾ ਤੋਂ ਵਿਸ਼ੇਸ਼ ਪ੍ਰਤੀਨਿਧ ਹਨ। ਉਨ੍ਹਾਂ ਨੂੰ ਖਾਸ ਰਿਪੋਰਟਾਂ ਅਤੇ ਇਸ਼ਤਿਹਾਰ ਲੈਣ ਦੀ ਵਿਸ਼ੇਸ਼ ਤੌਰ 'ਤੇ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। ਉਹ 'ਅੱਜ ਦੀ ਆਵਾਜ਼' ਲਈ ਫਾਜ਼ਿਲਕਾ ਤੋਂ ਇਲਾਵਾ ਹੋਰਨਾਂ ਖੇਤਰਾਂ ਤੋਂ ਵੀ ਇਸ਼ਤਿਹਾਰ ਅਤੇ ਇਸ਼ਤਿਹਾਰੀ ਸਮਗਰੀ ਇਕੱਤਰ ਕਰਨ ਦਾ ਅਧਿਕਾਰ ਰੱਖਦੇ ਹਨ। ਉਨ੍ਹਾਂ ਨਾਲ ਮੋਬਾਇਲ ਨੰਬਰ 98723-03960 'ਤੇ ਸੰਪਰਕ ਕੀਤਾ ਜਾ ਸਕਦਾ ਹੈ।

-ਸੰਪਾਦਕ

ਜਥੇ. ਕਰਨੈਲ ਸਿੰਘ ਪੰਜੋਲੀ ਕਾਰਜਕਾਰਨੀ ਮੈਂਬਰ ਸ਼੍ਰੋਮਣੀ ਕਮੇਟੀ ਦੀ ਮਾਤਾ ਨਮਿੱਤ ਸ਼ਰਧਾਂਜ਼ਲੀ ਸਮਾਗਮ

ਸਿੱਖੀ ਰਹਿਤ ਮਰਿਆਦਾ ਦੀ ਜ਼ਿੰਦਾ ਮਿਸਾਲ ਸਨ ਮਾਤਾ ਚਰਨ ਕੌਰ

ਫਤਿਹਗੜ੍ਹ ਸਾਹਿਬ 21 ਜਨਵਰੀ (ਬਲਜਿੰਦਰ ਸਿੰਘ)-ਮਨੁੱਖੀ ਜੀਵਨ ਵਿੱਚ ਮਾਂ ਦੀ ਮਮਤਾ ਦਾ ਕੋਈ ਸਾਨੀ ਨਹੀਂ ਹੈ ਕਿਉਂਕਿ ਮਾਂ ਅਨੇਕਾਂ ਦੁੱਖ ਝੱਲਕੇ ਵੀ ਆਪਣੇ ਬੱਚਿਆਂ ਅਤੇ ਸਰਬੱਤ ਦਾ ਭਲਾ ਮੰਗਦੀ ਹੈ। ਮਾਂ ਵੱਲੋਂ ਮਿਲੇ ਪਿਆਰ ਅਤੇ ਆਸ਼ੀਰਵਾਦ ਦਾ ਦੇਣ ਨਹੀਂ ਦਿੱਤਾ ਜਾ ਸਕਦਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਸਾਬਕਾ ਲੋਕ ਸਭਾ ਮੈਂਬਰ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਮਾਤਾ ਚਰਨ ਕੌਰ ਦੀ ਆਤਮਿਕ ਸਾਂਤੀ ਲਈ ਪਿੰਡ ਪੰਜੋਲੀ ਕਲਾਂ ਵਿਖੇ ਸ੍ਰੀ ਸਹਿਜ ਪਾਠ ਸਾਹਿਬ ਦੇ ਪਾਏ ਗਏ ਭੋਗ ਅਤੇ ਅੰਤਿਮ ਅਰਦਾਸ਼ ਵਿੱਚ ਸ਼ਾਮਲ ਹੁੰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕੀਤਾ। ਉਨ੍ਹਾ ਆਖਿਆ ਕਿ ਮਾਤਾ ਚਰਨ ਕੌਰ ਮਾਮੀ ਨੇ ਜੋ ਬਚਪਨ ਤੋਂ ਹੀ ਜਥੇਦਾਰ ਕਰਨੈਲ ਸਿੰਘ ਪੰਜੋਲੀ ਕਾਰਜਕਾਰਨੀ ਮੈਂਬਰ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੰਸਕਾਰ ਅਤੇ ਸਿੱਖੀ ਰਹਿਤ ਮਰਿਆਦਾ ਦੀ ਸਿੱਖਿਆ ਦਿੱਤੀ ,ਜਿਸ ਤੋਂ ਪ੍ਰੇਰਨਾ ਲੈਕੇ ਜਥੇਦਾਰ ਪੰਜੋਲੀ ਨੇ ਧਾਰਮਿਕ , ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿੱਚ ਆਪਣੀ ਵੱਖਰੀ ਪਹਿਚਾਣ ਬਣਾਕੇ ਨਾਮਣਾ ਖੱਟਿਆ। ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਸ੍ਰੀਮਤੀ ਸਤਵਿੰਦਰ ਕੌਰ ਧਾਲੀਵਾਲ ਨੇ ਸ਼ਰਧਾਂਜਲੀ ਭੇਂਟ ਕਰਦਿਆ ਕਿਹਾ ਕਿ ਮਾਤਾ ਚਰਨ ਕੌਰ ਵੱਲੋਂ ਕੀਤੇ ਚੰਗੇ ਪਾਲਣ ਪੋਸ਼ਣ ਦਾ ਹੀ ਨਤੀਜਾ ਹੈ ਕਿ ਜਥੇਦਾਰ ਪੰਜੋਲੀ ਸਿੱਖ ਸਿਧਾਤਾਂ ਤੇ ਪਹਿਰਾ ਦਿੰਦਾ ਹੋਇਆ ਸਮਾਜ ਨੂੰ ਉਸਾਰੂ ਸੇਧ ਦੇ ਰਿਹਾ ☛(ਬਾਕੀ ਸਫਾ 2 'ਤੇ)

ਸਵਰਗਵਾਸੀ ਮਾਤਾ ਚਰਨ ਕੌਰ ਜੀ ਦੀ ਅੰਤਿਮ ਅਰਦਾਸ ਮੌਕੇ ਸਰਧਾਜਲੀ ਭੇਂਟ ਕਰਦੇ ਹੋਏ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਭਾਈ ਜਸਬੀਰ ਸਿੰਘ ਖ਼ਾਲਸਾ।

ਬਸੰਤ ਦੇ ਜਸ਼ਨਾਂ ਨੂੰ ਗੈਸ ਸਿਲੰਡਰ ਫਟਣ ਨਾਲ ਲੱਗਾ ਗ੍ਰਹਿਣ

ਫਾਜ਼ਿਲਕਾ ਤੋਂ ਨਿਸ਼ਾ ਸ਼ਰਮਾ
ਦੀ ਵਿਸ਼ੇਸ਼ ਰਿਪੋਰਟ

ਬਸੰਤ ਪੰਚਮੀ ਦਾ ਤਿਉਹਾਰ ਜਿਸ ਦਾ ਲੋਕਾਂ ਨੂੰ ਕਾਫੀ ਦਿਨਾਂ ਤੋਂ ਉਤਸ਼ਾਹ ਸੀ, ਲੋਕਾਂ ਦੀਆਂ ਇੰਤਜ਼ਾਰ ਦੀਆਂ ਘੜੀਆਂ ਖਤਮ ਹੋ ਗਈਆਂ ਅਤੇ ਇਹ ਤਿਉਹਾਰ ਸਰ੍ਹੋਂ ਦੇ ਫੁੱਲਾਂ ਦੀਆਂ ਖੁਸ਼ਬੋਆਂ ਛੱਡਦਾ ਆ ਗਿਆ ਅਤੇ ਲੋਕਾਂ ਵਿੱਚ ਇਸ ਦਿਨ ਦਾ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਫਿਰੋਜ਼ਪੁਰ ਜ਼ਿਲ੍ਹੇ ਵਿਚ ਕਾਫੀ ਦਿਨ ਤੋਂ ਵੇਖਣ ਨੂੰ ਮਿਲ ਰਿਹਾ ਸੀ। ਇਹ ਹਰ ਸਾਲ ਫਿਰੋਜ਼ਪੁਰ ਵਿੱਚ ਮੇਲਿਆਂ ਵਿੱਚੋਂ ਇੱਕ ਅਜਿਹਾ ਮੇਲਾ ਹੈ ਜਿਹੜਾ ਆਪਣੀ ਅਲੱਗ ਪਹਿਚਾਣ ਰੱਖਦਾ ਹੈ। ਇੱਥੋਂ ਦੀ ਪਤੰਗਬਾਜ਼ੀ ਕਾਫੀ ਮਸ਼ਹੂਰ ਹੈ। ਅਸਮਾਨ ਵਿੱਚ ਬੋ-ਕਾਟਾ, ਬੋ-ਕਾਟਾ ਦੀਆਂ ਅਵਾਜ਼ਾਂ ਗੂੰਜਦੀਆਂ ਹਨ। ਅਸਮਾਨ ਰੰਗ ਬਿਰੰਗੀਆਂ ਪਤੰਗਾਂ ਅਤੇ ਗੁਬਾਰਿਆਂ ਨਾਲ ਭਰਿਆ ਹੁੰਦਾ ਹੈ। ਲੋਕ ਇਹ ਅਦਭੁੱਤ ਨਜ਼ਾਰਾ ਵੇਖਣ ਵਾਸਤੇ ਦੂਰੋਂ-ਦੂਰੋਂ ਦੇਸ਼ ਤਾਂ ਕੀ ਵਿਦੇਸ਼ਾਂ ਵਿੱਚੋਂ ਵੀ ਆਉਂਦੇ ਹਨ। ਬਜ਼ਾਰਾਂ ਵਿੱਚ ਪਤੰਗਾਂ, ਡੋਰਾਂ ਖਰੀਦਣ ਵਾਲਿਆਂ ਦਾ ਤਾਂਤਾ ਲੱਗਿਆ ਹੁੰਦਾ ਹੈ ਅਤੇ ਫਿਰੋਜ਼ਪੁਰ ਵਿੱਚ ਉੱਚ ਪੱਧਰ 'ਤੇ ਵਪਾਰ ਕੀਤਾ ਜਾਂਦਾ ਹੈ ਅਤੇ ਇਸ ਨਾਲ ਨਾਲ ਖਾਣ ਪੀਣ ਵਾਲੀਆਂ ਚੀਜ਼ਾਂ ਅਤੇ ਹੋਰ ਦੁਕਾਨਾਂ ਦੀ ਵਿਕਰੀ ਵੀ ਨਾਲ-ਨਾਲ ਹੁੰਦੀ ਹੈ। ☛(ਬਾਕੀ ਸਫਾ 2 'ਤੇ)

ਬੀ.ਜੇ.ਪੀ. ਦੇ ਮੁੱਖ ਸਕੱਤਰ ਸੁਖਪਾਲ ਸਿੰਘ ਨੰਨੂ ਨੇ ਲੋਕ ਸੇਵਾ ਦੀ ਪੈਦਾ ਕੀਤੀ ਮਿਸਾਲ